# ELECTION CELL

Revising Authority -CUM- ACA,BDA
034- Balluana SGPC Board
Phone/Fax No. 0164-2241949
Zila Parishad Complex Second floor -214
Email:: bathindarural093ac@gmail.com

ਜਿਲ੍ਹੇਵਾਰ ਸ਼ਰੇ | ਵੋਟਰ ਸ਼ਰੇ

ਨੰ: 1608 | ਮਿਤੀ 05/8/2024

ਵੱਲ | ਅਤਿ-ਜ਼ਰੂਰੀ

ਨਾਇਬ ਤਹਿਸੀਲਦਾਰ-ਕਮ-ਨੋਡਲ ਅਫਸਰ
ਬਠਿੰਡਾ, ਗੋਨਿਆਣਾ ਅਤੇ ਸੰਗਤ
ਸਬੰਧਤ ਹਲਕਾ ਪਟਵਾਰੀ,
ਸਬੰਧਤ ਸੁਪਰਵਾਈਜ਼ਰ-093,091,
ਸਬੰਧਤ ਬੀ.ਐੱਲ.ਓਜ਼-093, 091.

ਵਿਸ਼ਾ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਨਵੇਂ ਬੋਰਡ ਦੇ ਗਠਨ ਲਈ ਵੋਟਰ ਸੂਚੀਆਂ ਦੀ ਤਿਆਰੀ ਲਈ ਕੈਂਪ ਲਗਾਉਣ ਸਬੰਧੀ।

ਉਪਰੋਕਤ ਵਿਸ਼ੇ ਅਧੀਨ ਪੱਤਰ ਰਾਹੀਂ ਆਪ ਨੂੰ ਲਿਖਿਆ ਜਾਂਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਨਵੇਂ ਬੋਰਡ ਦੇ ਗਠਨ ਲਈ ਵੋਟਰ ਸੂਚੀਆਂ ਦੀ ਤਿਆਰੀ ਦਾ ਕੰਮ 21/10/2023 ਤੋਂ ਚੱਲ ਰਿਹਾ ਹੈ। ਮਾਣਯੋਗ ਕਮਿਸ਼ਨ, ਗੁਰਦੁਆਰਾ ਚੋਣਾਂ, ਚੰਡੀਗੜ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ ਵੋਟਰਾ ਦੇ ਫਾਰਮ ਪ੍ਰਾਪਤ ਕਰਨ ਦੀ ਮਿਤੀ 31/07/2024 ਤੋਂ ਵਧਾ ਕੇ 16/09/2024 ਕਰ ਦਿੱਤੀ ਗਈ ਹੈ।ਇਸ ਸਬੰਧੀ ਮਾਣਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਅੱਜ ਦੁਪਹਿਰ ਹੋਈ ਵੀਡੀਓ ਕਾਨੰਫਰਸ ਰਾਹੀਂ ਦਿੱਤੀਆ ਗਈਆ ਹਦਾਇਤਾ ਹੇਠ ਲਿਖੇ ਅਨੁਸਾਰ ਹਨ:

1) ਐਸ.ਜੀ.ਪੀ.ਸੀ ਵੋਟਰ ਸੂਚੀਆਂ ਦੇ ਫਾਰਮ ਪ੍ਰਾਪਤ ਕਰਨ ਦੇ ਕੰਮ ਵਿੱਚ ਤੇਜੀ ਲਿਆਉਣ ਲਈ ਮਿਤੀ 06/08/2024 ਅਤੇ 07/08/2024 ਨੂੰ ਸਵੇਰੇ 9:00 ਤੋਂ 5:00 ਵਜੇ ਤੱਕ ਹਰੇਕ ਪਿੰਡ ਵਿੱਚ ਹਲਕਾ ਪਟਵਾਰੀਆਂ / ਬੂਥ ਲੈਵਲ ਅਫਸਰਾਂ ਵੱਲੋਂ ਸਪੈਸ਼ਲ ਕੈਂਪ ਅਤੇ ਲਗਾਇਆ ਜਾਵੇ ਅਤੇ ਡੋਰ-ਟੂ-ਡੋਰ ਜਾ ਕੇ ਵੋਟਰਾਂ ਨੂੰ ਜਾਗਰੂਕ ਕਰਕੇ ਉਹਨਾਂ ਦੇ ਫਾਰਮ ਭਰਵਾਏ ਜਾਣ। ਇਸ ਸਪੈਸ਼ਲ ਕੈਂਪ ਵਿੱਚ ਬੀ.ਐਲ.ਓ/ ਹਲਕਾ ਪਟਵਾਰੀਆਂ ਤੋਂ ਇਲਾਵਾ ਸਬੰਧਤ ਨੰਬਰਦਾਰ ਅਤੇ ਚੌਂਕੀਦਾਰ ਦੀ ਹਾਜ਼ਰੀ ਵੀ ਯਕੀਨੀ ਬਣਾਈ ਜਾਵੇ। ਕੈਂਪ ਦੌਰਾਨ ਆਪ ਵੱਲੋਂ ਨਿੱਜੀ ਤੌਰ ਚੈਕਿੰਗ ਕੀਤੀ ਜਾਵੇ।
2) ਹਰੇਕ ਬੂਥ ਲੈਵਲ ਅਫਸਰ ਨੂੰ ਘੱਟੋ-ਘੱਟ 200 ਫਾਰਮ ਪ੍ਰਤੀ ਦਿਨ ਪ੍ਰਾਪਤ ਕਰਨ ਦਾ ਟੀਚਾ ਦਿੱਤਾ ਜਾਵੇ। ਫਾਰਮ ਪ੍ਰਾਪਤ ਕਰਨ ਸਮੇਂ ਔਰਤਾ ਦੀ ਫੋਟੋ ਫਾਰਮ ਉਪਰ ਲਾਜਮੀ ਨਹੀਂ ਹੈ। ਬੀ.ਐੱਲ.ਓ ਫਾਰਮ ਪ੍ਰਾਪਤ ਕਰਨ ਉਪਰੰਤ ਇਹ ਫਾਰਮ ਹਲਕਾ ਪਟਵਾਰੀਆਂ ਨੂੰ ਸੌਂਪਣਗੇ ਅਤੇ ਹਲਕਾ ਪਟਵਾਰੀ ਸਾਰੇ ਫਾਰਮ ਮਿਤੀ 08/08/2024 ਨੂੰ ਸਵੇਰੇ 10:00 ਵਜੇ ਤੱਕ ਹਰ ਹਾਲਤ ਵਿੱਚ ਦਫਤਰ ਜਿਲ੍ਹਾ ਪ੍ਰੀਸ਼ਦ, ਕਮਰਾ ਨੰ: 214 ਵਿੱਖੇ ਜਮ੍ਹਾਂ ਕਰਵਾਉਣਾ ਯਕੀਨੀ ਬਣਾਉਣਗੇ।
3) ਲਗਾਏ ਜਾਣ ਵਾਲੇ ਸਪੈਸ਼ਲ ਕੈਂਪ ਅਤੇ ਡੋਰ-ਟੂ-ਡੋਰ ਕੈਂਪ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ। ਅੱਜ ਮਿਤੀ 05/08/2024 ਨੂੰ ਹਰੇਕ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਲਾਊਡ ਸਪੀਕਰਾਂ ਰਾਹੀਂ ਅਨਾਊਂਸਮੈਂਟ ਕਰਵਾਈ ਜਾਵੇ ਅਤੇ ਇਸ ਅਨਾਂਉਸਮੈਂਟ ਦੀ ਵੀਡੀਓ ਵਾਟਸਐਪ ਗਰੁੱਖ ਵਿੱਚ ਸ਼ੇਅਰ ਕੀਤੀ ਜਾਵੇ।ਇਸ ਤੋਂ ਇਲਾਵਾ ਇਸ ਦੀ ਮੁਸਤਰੀ ਮੁਨਾਦੀ ਕੀਤੀ ਜਾਵੇ।
4) ਐਸ.ਜੀ.ਪੀ.ਸੀ. ਵੋਟਰ ਸੂਚੀਆਂ ਲਈ ਹੁਣ ਤੱਕ ਬਹੁਤ ਘੱਟ ਫਾਰਮ ਪ੍ਰਾਪਤ ਹੋਏ ਹਨ,ਇਸ ਲਈ ਆਪ ਅਧੀਨ ਕੰਮ ਕਰ ਰਹੇ ਪਟਵਾਰੀਆਂ ਅਤੇ ਹੋਰ ਕਰਮਚਾਰੀਆਂ ਨੂੰ ਇਸ ਕੰਮ ਵਿੱਚ ਤੇਜ਼ੀ ਲਿਆਉਣ ਲਈ ਸਖਤ ਹਦਾਇਤ ਜਾਰੀ ਕੀਤੀ ਜਾਵੇ ਅਤੇ ਉਹਨਾਂ ਦੇ ਕੰਮ ਦੀ ਰੋਜ਼ਾਨਾ ਸਮੀਖਿਆ ਕੀਤੀ ਜਾਵੇ ਅਤੇ ਰਿਪੋਰਟ ਹੇਠ ਲਿਖੇ ਪ੍ਰੋਫਰਮੇ ਵਿੱਚ ਭਰ ਕੇ ਇਸ ਦਫਤਰ ਨੂੰ ਭੇਜੀ ਜਾਵੇ:-

| ਮਿਤੀ | ਕੁੱਲ ਪ੍ਰਾਪਤ ਕੀਤੇ ਫਾਰਮ | ਪੁਰਸ਼ | ਇਸਤਰੀ | ਵਿਸ਼ੇਸ਼ ਕਥਨ |
|---|---|---|---|---|
| 06/08/2024 | | | | |
| 07/08/2024 | | | | |

**ELECTION CELL**

*Revising Authority -CUM- ACA,BDA*

*034- Balluana SGPC Board*

*Phone/Fax No. 0164-2241949*

*Zila Parishad Complex Second floor -214*

*Email:: bathindarural093ac@gmail.com*


ਜ਼ਿੰਮੇਵਾਰ ਬਣੋ ਵੋਟਰ ਬਣੋ

ਨੰ: ਮਿਤੀ

5) ਸਬੰਧਤ ਸੁਪਰਵਾਈਜਰ ਹਲਕਾ 93 ਅਤੇ 91, ਨਾਇਬ ਤਹਿਸੀਲਦਾਰ ਸੰਗਤ, ਬਠਿੰਡਾ ਅਤੇ ਗੋਨਿਆਣਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਹ ਨਿੱਜੀ ਤੌਰ ਤੇ ਪਹੁੰਚ ਕੇ ਆਪਣੇ ਅਧੀਨ ਆਉਂਦੇ ਬੂਥਾ ਦੇ ਬੀ.ਐਲ.ਓਜ਼ ਅਤੇ ਹਲਕਾ ਪਟਵਾਰੀਆਂ ਦੀ ਹਾਜਰੀ ਚੈਕ ਕਰਨਾ ਯਕੀਨੀ ਬਣਾਉਣ ਅਤੇ ਇਸ ਦੀ ਰਿਪੋਰਟ ਨਿਮਨਹਸਤਾਖਰ ਨੂੰ ਰੋਜਾਨਾ ਸ਼ਾਮ 6:00 ਵਜੇ ਤੱਕ ਭੇਜਣਾ ਯਕੀਨੀ ਬਣਾਉਣਗੇ।

6) ਸਮੂਹ ਹਲਕਾ ਪਟਵਾਰੀ, ਬੀ.ਐਲ.ਓ.ਜ, ਸੁਪਰਵਾਈਜਰ ਅਤੇ ਨੋਡਲ ਅਫਸਰ-ਕਮ-ਨਾਇਬ ਤਹਿਸੀਲਦਾਰ ਬਠਿੰਡਾ, ਸੰਗਤ ਅਤੇ ਗੋਨਿਆਣਾ ਨੂੰ ਭੇਜੇ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ 06/08/2024 ਅਤੇ 07/08/2024 ਦੇ ਕੈਂਪ ਦੀਆਂ ਫੋਟੋਆਂ ਨੂੰ ਵਾਟਸਐਪ ਗਰੁੱਪ ਵਿੱਚ ਸ਼ੇਅਰ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਇਹਨਾਂ ਫੋਟੋਆਂ ਨੂੰ ਅੱਗੇ ਮਾਣਯੋਗ ਜਿਲ੍ਹਾ ਚੋਣ ਅਫਸਰ, ਬਠਿੰਡਾ ਨੂੰ ਭੇਜਿਆ ਜਾ ਸਕੇ।

(Sd/-)

ਰਿਵਾਈਜ਼ਿੰਗ ਅਥਾਰਟੀ (034 ਬੱਲੂਆਣਾ)-
ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ (ਬੋਰਡ)-ਚੋਣਾਂ-ਕਮ-
ਵਧੀਕ ਮੁੱਖ ਪ੍ਰਸ਼ਾਸਕ, ਬੀ.ਡੀ.ਏ,ਬਠਿੰਡਾ

ਪਿੱਠ ਅੰਕਣ ਨੰ. 1609 ਮਿਤੀ: 05/8/2024

ਉਪਰੋਕਤ ਦਾ ਇੱਕ ਉਤਾਰਾ :

1 ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਨੂੰ ਸੂਚਨਾ ਹਿੱਤ।

2 ਚੋਣਕਾਰ ਰਜਿਸਟਰੇਸਨ ਅਫਸਰ ਵਿਧਾਨ ਸਭਾ ਹਲਕਾ (091-ਭੁੱਚੋ ਮੰਡੀ) ਪਾਸ ਉਕਤ ਅਨੁਸਾਰ ਪਟਵਾਰੀ ਹਲਕਾ ਨਾਲ ਸਹਇਤਾ ਲਈ ਲਗਾਏ ਗਏ ਬੀ.ਐਲ.ਓਜ ਦੀ ਲਿਸਟ ਭੇਜ ਕੇ ਬੇਨਤੀ ਹੈ ਕੀ ਇਹਨਾਂ ਬੀ.ਐਲ.ਓਜ ਨੂੰ ਸਬੰਧਤ ਪਟਵਾਰੀਆਂ ਦਾ ਸਹਿਯੋਗ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਜਾਣ।

3 ਸਮੂਹ ਸਬੰਧਤ ਬੀ.ਐਲ.ਓ./ਸੁਪਰਵਾਈਜਰਾਂ ਵਿਧਾਨ ਸਭਾ ਹਲਕਾ ਬਠਿੰਡਾ ਦਿਹਾਤੀ-93 ਅਤੇ ਸਮੂਹ ਸਬੰਧਤ ਬੀ.ਐਲ.ਓ./ਸੁਪਰਵਾਈਜਰ ਭੁਚੋ-91 ਨੂੰ ਉਕਤ ਹੁਕਮਾਂ ਦੀ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

4 ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਕੈਂਪ ਸਬੰਧੀ ਪ੍ਰੋਗਰਾਮਾਂ ਨੂੰ ਅਖਬਾਰਾਂ ਵਿੱਚ ਭੇਜ ਕੇ ਪ੍ਰਕਾਸ਼ਿਤ ਕੀਤਾ ਜਾਵੇ।

5 ਸੰਬੰਧਤ ਵਿਭਾਗ, ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.ਅਤੇ ਸੈ.ਸਿੱ.) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਨੱਥੀ ਲਿਸਟ ਅਨੁਸਾਰ ਦਰਸ਼ਾਏ ਗਏ ਬੀ.ਐਲ.ਓ. ਸਟਾਫ ਨੂੰ ਉਕਤ ਦਿਨਾਂ ਲਈ ਵਿਭਾਗੀ ਕੰਮ ਤੋਂ ਛੋਟ ਦਿੱਤੀ ਜਾਵੇ।

**ਨੋਟ: ਜੇਕਰ ਕਿਸੇ ਬਲੌਕ/ਪਿੰਡ ਵਿੱਚੋਂ ਫਾਰਮਾ ਦੀ ਗਿਣਤੀ ਘੱਟ ਜ਼ਾ ਰਿਪੋਰਟ ਨਿੱਲ ਪਾਈ ਜਾਂਦੀ ਹੈ ਤਾਂ ਉਸ ਦੀ ਜਿੰਮੇਵਾਰੀ ਸਬੰਧਤ ਨੋਡਲ ਅਫਸਰ-ਕਮ-ਨਾਇਬ ਤਹਿਸੀਲਦਾਰ ਅਤੇ ਹਲਕਾ ਪਟਵਾਰੀ ਦੀ ਹੋਵੇਗੀ। ਕਿਸੇ ਵੀ ਤਰ੍ਹਾਂ ਦੀ ਕੋਤਾਹੀ ਵਰਤਣ ਦੀ ਸੂਰਤ ਵਿੱਚ ਇਹਨਾਂ ਵਿਰੁੱਧ ਬਣਦੀ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।**

Sd/-

ਰਿਵਾਈਜ਼ਿੰਗ ਅਥਾਰਟੀ (034 ਬੱਲੂਆਣਾ)-
ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ (ਬੋਰਡ)-ਚੋਣਾਂ-ਕਮ-
ਵਧੀਕ ਮੁੱਖ ਪ੍ਰਸ਼ਾਸਕ, ਬੀ.ਡੀ.ਏ ਬਠਿੰਡਾ

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ
ਪਿੱਠ ਅੰਕਣ ਨੰ: [illegible] / 2024 / 6069 ਮਿਤੀ: 6/08/24
ਉਕਤ ਦਾ ਉਤਾਰਾ [illegible] ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਦਰਜ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

Urgent
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ, 6/8/24